© 2013 IJCRT | Volume 1, Issue 1 January 2013 | ISSN: 2320-2882

# ਮਨਜੀਤ ਇੰਦਰਾ ਕਾਵਿ ਦੇ ਨਾਰੀਵਾਦੀ ਸਰੋਕਾਰ **ਗੁਰਪ੍ਰੀਤ ਕੌਰ, ਰਿਸਰਚ ਸਕਾਲਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

GURPREET KAUR
RESEARCH SCHOLAR
PUNJAB UNIVERSITY, CHANDIGARH

ਮਨਜੀਤ ਇੰਦਰਾ ਦਾ ਪੰਜਾਬੀ ਕਾਵਿ ਜਗਤ ਵਿੱਚ ਵਿਸ਼ੇਸ਼ ਮੁਕਾਮ ਹੈ। ਉਸਨੇ ਕ੍ਰਮਵਾਰ ਕਾਵਿ-ਪੁਸਤਕਾਂ 'ਅੰਤਹਕਰਣ' (1974),'ਕਾਲਾ ਬਾਗ(1985),'ਚੰਦਰੇ ਹਨੇਰੇ'(1992),ਤਾਰਿਆਂ ਦਾ ਛੱਜ (1994),'ਪੂਰਤੀ-ਅਪੂਰਤੀ'(1996), ਅਤੇ 'ਅਲਖ'(2006) ਰਚੀਆ । ਮਨਜੀਤ ਇੰਦਰਾ ਨੇ ਨਿਰੰਤਰ ਕਾਵਿ ਸਾਧਨਾ ਕਰਦਿਆਂ ਨਾ ਕੋਈ ਉਪਭਾਵੁਕ ਤੇ ਨਾ ਹੀ ਕੋਈ ਮਕੈਨਕੀ ਫੈਸਲਾ ਕੀਤਾ ਹੈ ਸਗੋਂ ਉਸਦੀ ਕਵਿਤਾ ਵਿਚ ਨਾਰੀ ਸੰਵੇਦਨਾ ਸਹਿਜ ਸੁਭਾਅ ਹੀ ਪੇਸ਼ ਹੁੰਦੀ ਹੈ ਕਿਉਂਕਿ ਨਵੇਂ ਪੰਜਾਬੀ ਕਵੀ ਅਚੇਤ ਨਾਲੋਂ ਸੁਚੇਤ ਪੱਥਰ ਤੇ ਜੀਵਨ ਅਨੁਭਵ,ਥੀਮ ਦੀ ਹੋਂਦ ਅਤੇ ਪੇਸ਼ਕਾਰੀ ਪ੍ਰਤੀ ਵੱਖਰੇਵਾਂ ਸਥਾਪਿਤ ਕਰਨ ਦੇ ਆਹਰ ਵਿਚ ਹਨ। ਮਨਜੀਤ ਇੰਦਰਾ ਦੀ ਕਾਵਿ-ਪ੍ਰਤਿਭਾ ਦਾ ਅਹਿਮ ਪਾਸਾਰ ਇਹ ਹੈ ਕਿ ਉਸਨੇ ਨਿਰੰਤਰ ਕਾਵਿ-ਸਾਧਨਾ ਕਰਦਿਆਂ ਬਾਹਰਮੁਖੀ ਯਥਾਰਥ ਅਤੇ ਸਥੂਲ ਜੀਵਨ ਵਰਤਾਰਿਆ ਬਾਰੇ ਕਰਮ,ਪ੍ਰਤਿਕਰਮ ਤੱਕ ਸੀਮਤ ਰਹਿਣ ਦੀ ਬਜਾਏ ਮਨੁੱਖੀ ਅੰਤਰਮਨ ਦੀਆਂ ਕਦੀਮੀ ਪ੍ਰੇਰਨਾਵਾਂ,ਬਲਸ਼ਾਲੀ ਮਨੋ ਪ੍ਰਵਿਰਤੀਆਂ ਅਤੇ ਗੁੱਝੇ ਰਹੱਸਾਂ ਨੂੰ ਪਕੜਿਆਂ ਹੈ । ਜਮਾਤੀ ਸਮਾਜ ਦੀਆਂ ਬੱਜਰ ਅਤੇ ਵਧੇਰੇ ਅਮਾਨਵੀਂ ਜਾਬਰ ਵਰਜਣਾਂ ਅਤੇ ਪ੍ਰਗਟਾਉਂਦਾ ਇਸ ਨਹੀਂ ਕਾਵਿ ਚੇਤਨਾ ਦਾ ਅਹਿਮ ਪਾਸਾਰ ਹੈ । [1] ਇੰਞ ਮਨਜੀਤ ਇੰਦਰਾ ਨੇ ਆਪਣੀ ਕਾਵਿਕ ਸੰਵੇਦਨਾ ਰਾਹੀਂ ਆਧੁਨਿਕ ਔਰਤ ਦੀ ਹੋਂਦ,ਹੋਣੀ,ਅਧਿਕਾਰਾ ਅਤੇ ਚੇਤਨਾ ਦਾ ਜੋ ਨਾਰੀ ਬਿੰਬ ਪੇਸ਼ ਕੀਤਾ ਹੈ ਉਹ ਔਰਤ ਦੀ ਦਸ਼ਾ ਅਤੇ ਦਿਸ਼ਾ ਨੂੰ ਅੰਤਰੀਵੀ ਦ੍ਰਿਸ਼ਟੀ ਰਾਹੀਂ ਪੇਸ਼ ਕਰਦਾ ਹੈ।

ਮਨਜੀਤ ਇੰਦਰਾ ਦੀ 'ਅੰਤਹਕਰਣ'ਪੁਸਤਕ ਵਿਚ ਪਿਆਰ ਕਵਿਤਾਵਾਂ ਤੇ ਗੀਤ ਹਨ । ਇਨ੍ਹਾਂ ਰਚਨਾਵਾਂ ਦਾ ਵਿਸ਼ਾ ਪਿਆਰ ਹੈ ਤੇ ਨਿੱਜ ਦਾ ਪ੍ਰਗਟਾਵਾ ਹੈ ਪਰ ਇਨ੍ਹਾਂ ਕਵਿਤਾਵਾਂ ਅਤੇ ਗੀਤਾਂ ਵਿਚ ਡੂੰਘਾ ਅਨੁਭਵ ਹੈ ਅਤੇ ਡੂੰਘੇ ਅਨੁਭਵ ਜਿੰਨੀ ਹੀ ਅਰਥਸ਼ੀਲ ਉਸਦੀ ਕਾਵਿ ਭਾਸ਼ਾ ਹੈ । ਮਨਜੀਤ ਇੰਦਰਾ ਦੀ ਕਵਿਤਾ ਇਸ ਕਾਵਿ-ਸੰਗ੍ਰਹਿ ਵਿਚ ਸੰਯੋਗ-ਵਿਯੋਗ,ਖੁਸ਼ੀ-ਗਮੀ ਦੇ ਵਿਚ ਵਿਚਾਲੇ ਵਿਚਰ ਰਹੀ ਹੈ।

ਸੁਪਨਿਆਂ ਵਿਚ ਵੀ ਕੋ ਖੁੱਲ੍ਹ ਕੇ ਨਾ ਮਿਲੇ
ਸੁਪਨਿਆਂ ਦਾ ਫੁੱਲ ਦੱਸ ਕੀਕਣ ਖਿਲੇ
ਸੁਪਨੇ ਹੀ ਨੈਣੀ ਜੜੇ ਨੇ ਓ ਸਜਨਾ...[2]

ਪਿਆਰ ਦੇ ਕੁਝ ਅਹਿਸਾਸਾ ਨੂੰ ਸ਼ਬਦਾ ਦੇ ਹੇਰ-ਫੇਰ ਨਾਲ ਇੰਨ੍ਹਾਂ ਕਵਿਤਾਵਾਂ ਵਿਚ ਪੇਸ਼ ਕੀਤਾ ਹੈ । ਇਸ ਸਮੇਂ ਕਵਿੱਤਰੀ ਦੀ ਸ਼ਾਇਰੀ ਹਾਲੇ ਨਿਗਰ ਕਿਸਮ ਦੀ ਨਹੀਂ ਸੀ ਬਣੀ ਇਸ ਤੋਂ ਅਗਲੇਰੇ ਕਾਵਿ ਸੰਗ੍ਰਿਹਾਂ ਵਿਚ ਉਸਦੀ ਕਾਵਿ ਰਚਨਾਵਾਂ ਵਿਸ਼ੇਗਤ ਅਤੇ ਰੂਪਾਕਾਰਕ ਦ੍ਰਿਸ਼ਟੀਕੋਣ ਤੋਂ ਵਿਕਾਸ ਦੇ ਨਵੇਂ ਆਯਾਮ ਸਰ ਕਰਦੀਆਂ ਭਲੀ ਭਾਂਤ ਦਿਸ਼ਟੀਗੋਚਰ ਹੁੰਦੀਆਂ ਹਨ । 'ਕਾਲਾ ਬਾਗ'ਵਿਚ ਕਵਿੱਤਰੀ ਨੇ ਇਸਤਰੀ ਦੇ ਬਹੁ-ਪਾਸਾਰੀ ਅਨੁਭਵ ਨੂੰ ਅਭਿਵਿਅਕਤ ਕੀਤਾ ਹੈ । ਇਸ ਕਾਵਿ ਸੰਗ੍ਰਹਿ ਦਾ ਕੇਂਦਰੀ ਚਿਹਨ 'ਕਾਲਾ ਬਾਗ' ਅਜਿਹੇ ਯਥਾਰਥ ਨੂੰ ਪੇਸ਼ ਕਰਦਾ ਹੈ । ਜਿਸ ਅਨੁਸਾਰ ਹਰ ਵਿਅਕਤੀ ਦੇ ਅਚੇਤ ਮਨ ਵਿਚ ਚਾਹਤ ਦਾ ਇਕ ਕਾਲਾ ਬਾਗ ਸਾਂਭਿਆ ਪਿਆ ਹੈ । ਕਾਲਾ ਬਾਗ ਮਨੁੱਖੀ ਮਨ ਦਾ ਇਕ ਅਜਿਹਾ ਇੱਛਿਤ ਸੰਸਾਰ ਹੈ ਜੋ ਉਸਨੂੰ ਕਾਮਨਾਵਾਂ ਦੇ ਸੰਸਾਰ ਵੱਲ ਆਕਰਸ਼ਿਤ ਕਰਦਾ ਹੈ ਪਰ ਸਮਾਜਿਕ ਪ੍ਰਬੰਧ ਵੱਲੋਂ ਉਸਨੂੰ ਇਨ੍ਹਾਂ ਰਸਤਿਆਂ ਉਪਰ ਜਾਣ ਤੋਂ ਵਰਜਿਆ ਗਿਆ ਹੈ ਹਰ ਅਜਿਹਾ ਵਿਅਕਤੀ ਜੋ ਸੁਤੰਤਰ ਹੋਂਦ ਅਤੇ ਸਵੈ-ਇੱਛਾ ਦਾ ਸਮਰਥਕ ਹੈ,ਕਾਲੇ ਬਾਗ ਵਿਚ ਵਿਚਰਨਾ ਚਾਹੁੰਦਾ ਹੈ।

ਮਨਜੀਤ ਇੰਦਰਾ ਦੀ ਇਸ ਕਵਿਤਾ ਦੇ ਟ੍ਰੀਟਮੈਂਟ ਦਾ ਕਮਾਲ ਦੋ ਗੱਲਾਂ ਵਿਚ ਹੈ। ਇਕ ਤਾਂ ਉਸਨੇ ਪ੍ਰੇਮ ਦੇ ਅੰਤਰੰਗ ਅਤੇ ਬਹੁਤ ਜੀ ਪ੍ਰਾਈਵੇਟ ਛਿਣਾਂ ਨੂੰ ਬੜੀ ਕੁਸ਼ਲਤਾ ਨਾਲ ਪੇਸ਼ ਕੀਤਾ ਹੈ । ਆਮ ਤੌਰ ਤੇ ਇਹੋ ਜਿਹੀ ਪੇਸ਼ਕਾਰੀ ਉਪਹਾਸ ਜਨਕ ਜਾਂ ਨਿੱਜੀ ਹੋ ਨਿਬੜਦੀ ਹੈ ਪਰ ਮਨਜੀਤ ਇੰਦਰਾ ਨੇ ਆਪਣੇ ਅਜਿਹੇ ਅਨੁਭਵ ਦੀ ਪੇਸ਼ਕਾਰੀ ਲਈ ਬੜੀ ਸਮਰੱਥ ਅਤੇ ਸੰਪ੍ਰੇਸ਼ਣ ਯੋਗ ਭਾਸ਼ਾ ਦੀ ਤਲਾਸ਼ ਕਰ ਲਈ ਹੈ ।

ਖੋਰੇ ਇਹ ਸ਼ਿੰਗਾਰ
ਵਰ ਹੈ ਜਾਂ ਸਰਾਪ
ਮੈਂ ਕਾਲੇ ਬਾਗ ਦੇ
ਸੂਹੇ ਫੁੱਲਾਂ ਵਿਚ
ਰਹਿਣਾ ਚਾਹੁੰਦੀ ਹਾਂ
ਕਿਉਂਕਿ ਉਹ ਦੇ ਸਾਹਾਂ ਦੀ
ਮਹਿਕ

ਮੇਰੇ ਅੰਦਰ
ਵਧ ਰਹੀ ਹੈ ਦਿਨ-ਬ-ਦਿਨ
ਤੇ ਮੈਂ ਏਸੇ ਮਹਿਕ ਸੰਗ
ਜੀਉਣਾ ਤੇ ਮਰਨਾ
ਚਾਹੁੰਦੀ ਹਾਂ...[3]

ਇਉਂ ਮਨਜੀਤ ਇੰਦਰਾ ਨੇ ਆਪਣੀ ਕਾਵਿ-ਨਾਇਕ ਨੂੰ ਨਿਰਾਸ਼ਾਵਾਦੀ ਜਾਂ ਖੰਡਿਤ ਨਹੀਂ ਹੋਣ ਦਿੱਤਾ। ਨਾਇਕਾ ਕਿਧਰੇ ਵੀ ਕਾਲੇ ਬਾਗ ਦੇ ਯੋਗੀ ਨੂੰ ਕੋਸਦੀ ਜਾਂ ਭੰਡਦੀ ਨਹੀਂ। ਨਾਰੀ ਦਾ ਇਹ ਸਰੂਪ ਅਸਲੋਂ ਨਵਾਂ ਹੈ। ਇਹ ਸਰੂਪ ਕੇਵਲ ਨਾਰੀ ਹੋਣ ਕਾਰਨ ਆਪਣੇ ਆਪ ਨੂੰ ਅਬਲਾ ਜਾਂ ਤੁੱਛ ਨਹੀਂ ਸਮਝਦਾ। ਇਉਂ ਮਨਜੀਤ ਇੰਦਰਾ ਦੀ ਕਵਿਤਾ ਵਿਚ ਜਿਹੜਾ ਇਸਤਰੀ ਅਨੁਭਵ ਵਿਅਕਤ ਹੋ ਰਿਹਾ ਹੈ ਉਸ ਵਿਚ ਇਸਤਰੀ ਨਾ ਨਿਰਾ ਮਰਦ ਦਾ ਭੋਗ ਹੈ ਨਾ ਉਸਦੇ ਆਤੰਕ ਦਾ ਸ਼ਿਕਾਰ ਉਸ ਆਪ ਭੋਗਣਹਾਰ ਹੈ ਜਾਂ ਘੱਟੋਂ-ਘੱਟ, ਭੋਗਣਹਾਰ ਹੋਣ ਦੇ ਆਪਣੇ ਮਾਨਵੀਂ ਅਧਿਕਾਰ ਬਾਰੇ ਚੇਤੰਨ ਹੈ। ਉਹ ਆਪਣੇ ਆਪ ਨੂੰ ਸਰੀਰਕ, ਮਾਨਸਿਕ ਤੌਰ ਤੇ ਮਰਦ ਦੇ ਬਰਾਬਰ ਰੱਖਦੀ ਹੈ। ਇਉਂ ਉਹ ਆਪਣੀ ਇਸ ਕਵਿਤਾ ਵਿਚ ਇਸਤਰੀ ਹੋਣ ਦੇ ਗੌਰਵ ਨੂੰ ਸਥਾਪਿਤ ਕਰਨਾ ਲੋਚਦੀ ਹੈ।

ਮਨਜੀਤ ਇੰਦਰਾ ਕਾਵਿ ਵਿਕਾਸ ਦਾ ਅਗਲਾ ਦੌਰ ਪੰਜਾਬ ਸੰਕਟ ਦੀ ਉਸ ਅਸਤਿਤਵ ਮੂਲਕ ਸੰਕਟ ਸਥਿਤੀ ਨਾਲ ਸੰਬੰਧਿਤ ਹੈ, ਜਿਸਨੇ ਹਰੇਕ ਪੰਜਾਬੀ ਦੇ ਚੇਤਨ-ਅਵਚੇਤਨ ਸਨਮੁੱਖ ਘੋਰ ਵੰਗਾਰਦੀਆਂ ਤ੍ਰਾਸਦਿਕ ਸਥਿਤੀਆਂ ਉਤਪੰਨ ਕੀਤੀਆ। ਇਕ ਕਵੀ ਲਈ ਇਹ ਸਥਿਤੀ ਹੋਰ ਵੀ ਖੂੰਖਾਰ ਅਤੇ ਦਰਦੀਲੀ ਹੁੰਦੀ ਹੈ ਕਿਉਂਕਿ ਉਸਨੇ ਮਨੁੱਖੀ ਹੋਂਦ ਦੇ ਸੱਚ ਦੇ ਰੂਬਰੂ ਹੋਣਾ ਹੁੰਦਾ ਹੈ।

ਕੇਹਾ ਸਾਵਣ ਹੈ ਇਹ ?
ਚੰਡੋਲ ਲਾਸ਼ਾ ਭਰੇ
ਸਣੇ ਟਾਹਣਾਂ ਪੀਘਾਂ ਟੁੱਟੀਆਂ
ਗਿੱਧੇ ਦੀ ਥਾਵੇਂ
ਵੈਣ ਪੈਂਦੇ
ਤਲ਼ੀਆਂ 'ਤੇ
ਰੱਤ ਰਚੀ
ਖੀਰ ਵਾਂਗ
ਮਿੱਝ ਡੁੱਲ੍ਹੀ
ਹਾਏ !ਕੇਹਾ ਸਾਵਣ ਹੈ ਇਹ !! [4]

ਉਸਨੇ ਸੰਕੀਰਣ ਜਾਂ ਸੀਮਤ ਰਾਜਸੀ ਧਾਰੀਮਕ ਬਿਆਨਬਾਜ਼ੀ ਦੀ ਬਜਾਏ ਸਾਕਾ ਨੀਲਾ ਤਾਰਾ ਦੀ ਇਤਿਹਾਸਕ ਘਟਨਾ ਅਤੇ ਇਸ ਤੋਂ ਬਾਅਦ ਪੰਜਾਬ ਦੁਖਾਂਤ ਦੇ, ਸਮਾਜਿਕ ਜੀਵਨ ਤੇ ਪਏ ਮਾਰੂ ਪ੍ਰਭਾਵਾਂ ਦਾ ਭਾਵਨਾਤਮਕ ਚਿਤਰਣ ਇਸਤਰੀ ਦੁਖਾਂਤ ਦੇ ਪਰਿਪੇਖ ਵਿਚ ਕੀਤਾ ਹੈ।

ਮਨਜੀਤ ਇੰਦਰਾ ਇਸ ਦੌਰ ਦੇ ਸਮੁੱਚੇ ਸਿਰਜਨਾਤਮਕ ਅਨੁਭਵ ਨਾਲੋਂ ਔਰਤ ਦੇ ਦਰਦ ਨੂੰ ਕੇਂਦਰ ਵਿਚ ਰੱਖਦੀ ਹੋਈ ਇਸ ਨੂੰ ਆਪਣੇ ਕਾਵਿ ਮੁਹਾਵਰੇ ਰਾਹੀਂ ਰੂਪਮਾਨ ਕਰਦੀ ਹੈ।

ਬੈਠੇ ਸਾਂ ਮਿਲਕੇ ਮਹਿਕਾਂ ਦੀ ਰੁੱਤੇ
ਮਹਿਕਾਂ ਨੂੰ ਵੰਡਦੇ ਤੇ ਮਹਿਕਾਂ ਨੂੰ ਛੰਡਦੇ
ਵਿਯੋਗੇ ਗਏ ਹਾਂ
ਤੇ ਬੁਲ੍ਹੀਆਂ ਵੀ ਚੁੱਪ ਨੇ.... . [5]

ਇਉਂ ਚੁੱਪ ਬੁਲੀਆਂ 'ਚੋ ਹਾਸਿਆ ਦਾ ਗੁੰਮ ਹੋ ਜਾਣਾ, ਆਪਣੇ ਚਿਹਰੇ ਦਾ ਗੈਰ ਜਾਪਣਾ ਤੇ ਆਪਣੇ ਪਰਛਾਵੇਂ ਤੋਂ ਡਰ ਲਗਵਾਂ, ਉਸ ਮਨੋਵੇਦਨਾ ਦਾ ਹਾਲ ਹੈ ਜਿੱਥੇ ਸਭ ਕੁਝ ਖ਼ਤਮ ਹੋ ਗਿਆ ਮਹਿਸੂਸ ਹੁੰਦਾ ਹੈ। ਉਹ ਕਾਲੇ ਕੋਹਾਂ ਦੇ ਸਫ਼ਰ ਦੇ ਰਾਹੀ ਨੂੰ ਇਕ ਦਿਨ ਪ੍ਰਕਾਸ਼ ਵਲ ਪ੍ਰਵੇਸ਼ ਕਰਦਿਆਂ ਵੀ ਵੇਖਣ ਦੀ ਚਾਹਵਾਨ ਹੈ :-

ਟੱਟ ਕੇ ਖਿੰਡੀਆਂ ਵਫਾਂਵਾਂ
ਕਿਣਕਾ ਕਿਣਕਾ ਜੋੜੀਏ
ਮੋਹ ਦੇ ਚਰਖੇ 'ਤੇ ਕੋਈ ਤੰਦ ਪਾਈਏ
ਸੂਹੀ ਫੁਲਕਾਰੀ 'ਚ ਨੀਲਾ ਮੋਰ ਭਰੀਏ।[6]

ਮਨਜੀਤ ਇੰਦਰਾ ਅਗਲੇ ਪੜਾਵਾਂ ਵਿਚ 'ਤਾਰਿਆਂ ਦਾ ਛੱਜ' ਤੇ 'ਪੂਰਤੀ-ਅਪੂਰਤੀ' ਕਾਵਿ ਸੰਗ੍ਰਿਹ ਤੱਕ ਪਹੁੰਚਦਿਆਂ ਉਹ ਔਰਤ ਮਰਦ ਦੇ ਰੋਣ ਧੋਣ ਦੇ ਰਿਸ਼ਤੇ ਤੋਂ ਮੁਕਤ ਹੋ ਕੇ ਸਮੁੱਚੇ ਮਨੁੱਖ ਦੇ ਆਪਸੀ ਸੰਬੰਧ ਅਤੇ ਮਨੁੱਖਾਂ ਦੇ ਹੋ ਰਹੇ ਸਮਾਜਿਕ, ਰਾਜਨੀਤਿਕ ਤੇ ਇਖ਼ਲਾਕੀ ਸ਼ੋਸ਼ਣ ਦੇ ਖਿਲਾਫ ਵੀ ਆਵਾਜ਼ ਬੁਲੰਦ ਕਰਦੀ ਹੈ। ਉਸਨੇ ਆਪਣੀ ਕਵਿਤਾ ਦੇ ਪਿਆਰ ਅਨੁਭਵ ਦੀ ਅਨੁਭੂਤੀ ਪੰਜਾਬ ਦੀਆਂ ਪ੍ਰੇਮ ਕਥਾਵਾਂ ਵਿਚੋਂ ਮਿਰਜ਼ਾਂ ਸਾਹਿਬਾਂ ਦੇ ਸਮੱਕਸ਼ ਕੀਤੀ ਹੈ। ਦਾਨਾਬਾਦ ਦੀਆਂ ਮੱਤਾਂ ਇਸ਼ਕ ਦੇ ਭੜੀਲੇਪਨ ਨੂੰ ਮਰਿਆਦਾ ਵਿਚ ਦੇਖਣ ਦੀ ਲੋਚਾ ਵਿਚ ਹਨ। ਸਾਹਿਬਾਂ ਦਾ ਦਾਨਾਬਾਦ ਲਈ ਤਰਲਾ, ਪੰਜਾਬੀ ਪ੍ਰੀਤ ਨਾਇਕਾ ਦੀ ਮੰਜ਼ਲ ਦੀ ਗਵਾਹੀ ਹੈ। ਦਾਨਾਬਾਦ ਦੀਆਂ ਮੱਤਾਂ ਇਸ਼ਕ ਦੇ ਭੜੀਲੇਪਨ ਨੂੰ ਮਰਿਆਦਾ ਵਿਚ ਦੇਖਣ ਦੀ ਲੋਚਾ ਵਿਚ ਹਨ।

ਮਿਰਜ਼ਾਂ
ਬਾਂਝ ਭਰਾਵਾਂ ਮਾਰਿਆ ਮਿਰਜ਼ਾਂ
ਮਿਰਜ਼ਾਂ : ਬੱਕੀ ਤੋਂ ਢਹਿ ਪਿਆ ਮਿਰਜ਼ਾਂ
ਲਹਿ ਗਿਆ ਮੁੜਾਸਾ
ਮੈਂ ਅੰਦਰੋਂ ਕੰਬੀ - ਡ੍ਰਹਿ ਗਈ
ਹਾਇ ਕਿਥੇ ਅਪੜੀ ਸਾਂ।[7]

ਸਾਹਿਬਾਂ ਦੀ ਦਾਨਾ ਚਾਹਤ ਪ੍ਰੇਮ ਦੇ ਮਿਰਜ਼ਾਂ ਵੇਗ ਤੇ ਮਿਰਜ਼ਾਂ ਮਾਨਸਿਕਤਾ ਦੇ ਕਾਰਨ ਅਤੇ ਅਧੀਨ ਪ੍ਰਵਾਨ ਨਹੀਂ ਚੜ੍ਹਦੀ। ਇਉਂ ਉਹ ਨਾਰੀ ਮਨ ਦੀ ਬੇਬਸੀ ਨੂੰ ਚਿਤਰਦੀ ਹੈ। ਮੁਹੱਬਤ ਦੀ ਤਲਾਸ਼ ਤੇ ਅਧੂਰੇ ਰਿਸ਼ਤਿਆਂ ਦਾ ਵਰਨਣ ਉਸਦੀ ਰਚਨਾ ਦਾ ਮੁੱਖ ਆਧਾਰ ਹੈ।

ਇਹਨਾਂ ਕਵਿਤਾਵਾਂ ਵਿਚ ਮਨਜੀਤ ਇੰਦਰਾ ਨੇ ਇਸ ਦੁਬਿਧਾ ਗ੍ਰਸਤ ਮਨ ਦੀ ਵਿਥਿਆ, ਜੋ ਉਸ ਨੂੰ ਰਸਿਕ ਸਰੋਤਾ ਸਮਝ ਕਿਸੇ ਨੇ ਸੁਣਾਈ ਜਾਂ ਉਸਦੀ ਸੁਘੜ ਸੂਲ ਨੇ ਅਨੁਭਵ ਰਾਹੀਂ ਸੁਣੀ ਹੋਵੇ, ਉਸ ਸਭ ਕਾਸੇ ਨੂੰ ਮਨੋਵਿਗਿਆਨਕ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਅਣ-ਅਧਿਕਾਰਤ ਸੰਗ ਜੋੜ ਦਾ ਇਹ ਛਲਾਵਾ ਕਿਤੇ ਉਸਨੂੰ ਆਤਮ ਸੰਤੁਸ਼ਟੀ ਦਾ ਅਹਿਸਾਸ ਕਰਵਾਉਂਦਾ ਹੈ ਤਾਂ ਕਿਧਰੇ ਉਸ ਵਿਚੋਂ ਆਪਣੇ ਆਪ ਦੀ ਤਲਾਸ਼, ਆਪਣੇ ਹਿੱਸੇ ਦੇ ਆਸਮਾਨ ਅਤੇ ਛੱਤ ਦੀ ਤਲਾਸ਼ ਕਰਦੀ ਹੈ ਇਉਂ ਜੋ ਅਜਿਹੇ ਰਿਸ਼ਤਿਆਂ ਵਿਚੋਂ ਉਪਜੀ ਪੀੜ ਕੇਵਲ ਔਰਤ ਹੀ ਭੋਗਦੀ ਹੈ, ਅਣ ਅਧਿਕਾਰਤ ਰਿਸ਼ਤੇ ਵਾਲੀ ਵੀ ਅਤੇ ਚੂੜੇ ਵਾਲੀ ਵੀ।

ਮਰਦ-ਪ੍ਰਧਾਨ ਭਾਈਚਾਰੇ ਵਿਚ ਔਰਤ ਨੂੰ ਅਬਲਾ ਹੋਣ ਦਾ ਨਿਗੂਣਾ ਅਤੇ ਹੀਣਤਾ ਭਰਿਆ ਅਹਿਸਾਸ ਦਿਵਾਉਂਦੀਆਂ ਪ੍ਰਵਿਰਤੀਆਂ ਅਤੇ ਦੁਬਿਧਾਵਾਂ ਨੂੰ ਖੁਲ੍ਹੇ ਤੌਰ ਤੇ ਬਿਆਨ ਕੀਤਾ ਹੈ। ਇਕ-ਬਚਨੀ ਦੀ ਵਿਧਾ ਵਿਚ ਸਿਰਜੀ ਪ੍ਰਤੀਤ ਹੁੰਦੀ ਇਹ ਰਚਨਾ ਕਿਸੇ ਸਹਿਯੋਗੀ ਜਾਂ ਅਯੋਗ ਵਿਅਕਤੀ ਨਾਲ ਦ੍ਰਿੜਤਾ ਭਰੀ ਬੇਬਾਕੀ ਨਾਲ ਸੰਵਾਦ ਵੀ ਰਚਾਉਂਦੀ ਹੈ।

ਉਸਦੀ ਕਾਵਿ-ਚੇਤਨਾ ਜਗਤ ਦੀ ਧੁੰਦਲਾਹਟ ਵਿਚ ਨਾ ਗਵਾਚ ਕੇ ਠੋਸ ਸਮਾਜਿਕ ਯਥਾਰਥ ਦੇ ਅਨੁਭਵ ਨੂੰ ਪ੍ਰਗਟ ਕਰਦੀ ਹੈ। ਇਸ ਕਾਵਿਕ ਅਨੁਭੂਤੀ ਕਾਰਨ ਉਸਦਾ ਕਾਵਿਕ ਸੁਹਜ, ਹੁਸਨ ਤੇ ਯਥਾਰਥ ਤੋਂ ਸੱਖਣੀਆਂ ਕੋਮਲਤਾਵਾਂ ਨੂੰ ਪਹਿਲ ਦੇਣ ਦੀ ਬਜਾਇ ਠੋਸ ਪਕੜ 'ਚ ਆਉਣ ਵਾਲੇ ਪਦਾਰਥ ਅਨੁਭਵ ਨੂੰ ਪੇਸ਼ ਕਰਦਾ ਹੈ।

ਸਮਕਾਲੀ ਨਾਰੀ ਕਾਵਿ ਵਿਚ ਪਤੀ, ਮਰਦ, ਘਰ, ਪਰਿਵਾਰ, ਮਨੱਖੀ, ਰਿਸ਼ਤਿਆਂ, ਨਾਰੀ ਦੇਹ ਵਰਜਿਤ ਰਿਸ਼ਤਿਆਂ ਅਤੇ ਨਾਰੀ-ਗੁੰਝਲ ਆਦਿ ਸੰਕਲਪਾਂ ਦੀ ਅਜੋਕੇ ਨਾਰੀਵਾਦੀ ਚਿੰਤਨ ਦੀ ਦ੍ਰਿਸ਼ਟੀ ਤੋਂ ਨਵੀ ਵਿਆਖਿਆ ਹੋਈ ਹੈ। ਨਾਰੀਵਾਦੀ ਕਵਿਤਾ ਵਿਚ ਅਜੋਕੇ ਖਪਤ ਸਭਿਆਚਾਰ ਵਿਚ ਨਿਰੋਲ ਉਪਭੋਗ ਦੀ ਵਸਤੂ (ਦੇਹ) ਬਣਾ ਦਿੱਤੀ ਗਈ ਔਰਤ ਦੇ ਮਸਲਿਆਂ ਦੀ ਚਿੰਤਾ ਤੇ ਚਿੰਤਨ ਵੀ ਹੈ ਅਤੇ ਔਰਤ ਦੀਆਂ ਬੇਸੁਤਾਰ ਜਿਨਸੀ ਰੀਝਾਂ ਦੀ ਪੂਰਤੀ ਦਾ ਮਨੋਵਿਕਾਰ ਵੀ। ਇਹ ਨੁਕਤਾ ਵੀ ਧਿਆਨ ਦੇਣਯੋਗ ਹੈ ਕਿ ਨਾਰੀ ਰਚਿਤ ਸਾਰੀ ਕਵਿਤਾ ਕੇਵਲ ਨਾਰੀਵਾਦੀ ਸਰੋਕਾਰਾਂ ਤੱਕ ਹੀ ਸੀਮਤ ਨਹੀਂ ਇਸ ਵਿਚ ਸਮਾਜਿਕ-ਰਾਜਸੀ ਸਰੋਕਾਰਾਂ ਪ੍ਰਤੀ ਤਿੱਖੀ ਚੇਤਨਤਾ ਦਾ ਪ੍ਰਗਟਾਵਾ ਵੀ ਹੋਇਆ ਹੈ।

ਵਿਸ਼ਵੀਕਰਨ ਅਤੇ ਮੰਡੀ ਨੇ ਔਰਤ ਤੋਂ ਉਸ ਦੀ ਪਛਾਣ ਖੋਹ ਕੇ ਉਸ ਨੂੰ ਤੇ ਉਸਦੀ ਸਿਰਜਣਾ ਨੂੰ ਵਿਕਣਯੋਗ ਵਸਤੂ (ਉਤਪਾਦਨ) ਵਿਚ ਬਦਲ ਦਿੱਤਾ ਹੈ। ਨਾਰੀ ਸੰਵੇਦਨਾ ਦਾ ਮੁੱਖ ਧੁਰਾ ਭਾਰਤੀ ਚੇਤਨਾ ਵਿਚਾਲੇ ਮਾਤਰੀ ਨੇਮ ਵਿਚੋਂ ਸਮਾਜ, ਗ੍ਰਿਹਿਸਥ, ਪ੍ਰੇਮ, ਸੰਘਰਸ਼ ਤੇ ਰਾਜਨੀਤਮ ਵਰਤਾਰੇ ਦੇ ਸਰੂਪ ਭਾਵਨਾਤਮਕ ਪਾਸਾਰ ਦੀ ਸਿਰਜਣਾ ਕਰਦੀ ਹੈ।

ਮਨਜੀਤ ਇੰਦਰਾ ਦਾ ਕਾਵਿ-ਸੁਹਜ ਜ਼ਿੰਦਗੀ ਦੇ ਹਕੀਕੀ ਵਰਤਾਰਿਆਂ ਨਾਲ ਖਹਿ ਕੇ ਲੰਗਦਿਆਂ, ਉਸਦੀ ਕਾਲਖ ਨਾਲ ਜੂਝ ਕੇ ਆਪਣਾ ਸੱਚ ਸਥਾਪਿਤ ਕਰਦਾ ਹੈ ਸਮਾਜਿਕ ਖੇਤਰ ਵਿਚ ਫੈਲੇ ਅਨਾਚਾਰ ਵਿਰੁੱਧ ਉਸਦੀ ਕਲਮ ਤਿਖੀ ਹੋ ਜਾਂਦੀ ਹੈ ਅਤੇ ਉਹ ਸਮਾਜ ਵਿਚ ਔਰਤ 'ਤੇ ਹੋ ਰਹੇ ਜ਼ੁਲਮ ਅਤੇ ਅਤਿਆਚਾਰ ਦੀ ਕਹਾਣੀ ਲਿਖ ਕੇ ਹੋਏ ਉਸਦੀ ਕਲਮ ਔਰਤ ਦੇ ਦੁਖ ਵਿਚ ਉਸ ਦੇ ਨਾਲ-ਨਾਲ ਰੋਂਦੀ ਅਤੇ ਉਸ ਨੂੰ ਧਰਵਾਸ ਦੇਂਦੀ ਪ੍ਰਤੀਤ ਹੁੰਦੀ ਹੈ।

ਇਸ ਤਰ੍ਹਾਂ ਮਨਜੀਤ ਇੰਦਰਾ ਨੇ ਆਪਣੀਆਂ ਕਵਿਤਾਵਾਂ ਰਾਹੀਂ ਨਾਰੀ ਮਨ ਦੀਆਂ ਮਾਨਸਿਕ ਗੁੰਝਲਾਂ ਨੂੰ ਘੋਖਦੇ ਹੋਏ ਉਸ ਦਾ ਮਾਨਸਿਕ ਚਿੱਤਰ ਉਸਾਰਦਿਆਂ ਨਾਰੀ ਸੰਵੇਦਨਾ ਪੈਦਾ ਕੀਤੀ ਹੈ। ਇਹ ਨਿਸਚੇ ਹੀ ਪੰਜਾਬੀ ਨਾਰੀ-ਕਾਵਿ ਦੀ ਇਕ ਨਿਵੇਕਲੀ ਪ੍ਰਾਪਤੀ ਹੈ ਅਤੇ ਇਸ ਲਿਹਾਜ਼ ਨਾਲ ਔਰਤ-ਮਰਦ ਸੰਬੰਧਾਂ ਦੀ ਵਡੇਰੇ ਪ੍ਰਸੰਗਾਂ ਵਿਚ ਨਵੀ ਚਰਚਾ ਦੀ ਸੰਭਾਵਨਾ ਪੈਦਾ ਹੁੰਦੀ ਹੈ। ਔਰਤ ਮਰਦ ਦੇ ਸੰਬੰਧਾਂ ਦੀਆਂ ਪਰਤਾਂ ਨੂੰ ਖੋਲ੍ਹਦੇ ਹੋਏ ਉਸ ਨੇ ਇਕ

ਪਾਸੜ ਰੁਚੀ ਦਾ ਸਹਾਰਾ ਨਹੀਂ ਲਿਆ ਸਗੋਂ ਪੂਰਾ ਕਾਵਿ ਸਮਤੋਲ ਬਣਾ ਕੇ ਰੱਖਿਆ ਹੈ। ਇਸ ਤਰ੍ਹਾਂ ਉਸਨੇ ਇਹ ਨਿਵੇਕਲਾ ਕਾਰਜ ਕਰਕੇ ਆਪਣੀ ਵਿਦਵਤਾ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕੀਤੀ ਹੈ। ਉਸਦੀ ਕਾਵਿ-ਸ਼Yਲੀ ਦੀ ਇਕ ਹੋਰ ਖ਼Uਬੀ ਉਸਦੀ ਬੇਵਾਕ ਸ਼ੈਲੀ ਹੈ। ਉਹ ਕੋਈ ਵੀ ਗੱਲ ਕਹਿਣ ਲੱਗਿਆ ਝਿਜਕਦੀ ਨਹੀਂ ਸਗੋਂ ਆਪਣੀ ਗੱਲ ਨੂੰ ਸਪਸ਼ਟ ਤੇ ਸਾਦਾ ਮੁਹਾਵਰੇਂ ਵਿਚ ਕਹਿ ਦਿੰਦੀ ਹੈ। ਉਸਦੀ ਕਾਵਿ-ਚੇਤਨਾ ਕਾਲਪਨਿਕ ਜਗਤ ਦੀ ਧੁੰਦਲਾਹਟ ਵਿਚ ਨਾ ਗਵਾਚ ਕੇ ਠੋਸ ਸਮਾਜ ਯਥਾਰਥ ਦੇ ਅਨੁਭਵ ਨੂੰ ਪ੍ਰਗਟ ਕਰਦੀ ਹੈ। ਇਸ ਕਾਵਿਕ ਅਨੁਭੂਤੀ ਕਾਰਨ ਉਸਦਾ ਕਾਵਿਕ ਸੁਹਜ, ਅਪਕੜ ਹੁਸਨ ਤੇ ਯਥਾਰਥ ਤੋਂ ਸੱਖਣੀਆਂ ਕੋਮਲਤਾਵਾਂ ਨੂੰ ਪਹਿਲ ਦੇਣ ਦੀ ਬਜਾਇ ਠੋਸ ਪਕੜ 'ਚ ਆਉਣ ਵਾਲੇ ਪਦਾਰਥ ਅਨੁਭਵ ਨੂੰ ਪੇਸ਼ ਕਰਦਾ ਹੈ। ਇਥੇ ਪਦਾਰਥ ਸੱਚ ਅਨੁਭਵ ਨਾਲ ਅਮੀਰ ਹੁੰਦਾ ਹੈ ਨਾ ਕਿ ਸ਼ਬਦ, ਰੰਗ, ਸੁੰਦਰਤਾ ਤੇ ਰੰਗੀਨ ਕਲਪਨਾ ਉਸਾਰੀ ਨਾਲ।

**ਹਵਾਲੇ ਤੇ ਟਿੱਪਣੀਆਂ**

1. ਸਤਿੰਦਰ ਸਿੰਘ ਨੂਰ (ਸੰਪਾ.), ਨਵੀਂ ਪੰਜਾਬੀ ਅਲੋਚਨਾ, ਆਰਸੀ ਪਬਲਿਸ਼ਰਜ਼, 2005, ਪੰਨਾ 101.
2. ਮਨਜੀਤ ਇੰਦਰਾ, ਅੰਤਹਕਰਣ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008 (ਦੂਜੀ ਵਾਰ), ਪੰਨਾ 14.
3. ਉਹੀ, ਕਾਲਾ ਬਾਗ, 2007 (ਦੂਜੀ ਵਾਰ), ਪੰਨਾ 24.
4. ਉਹੀ, ਚੰਦਰੇ ਹਨੇਰੇ, ਪੰਨਾ 28.
5. ਉਹੀ, ਪੰਨਾ 60.
6. ਉਹੀ, ਪੰਨਾ 61.
7. ਉਹੀ, ਤਾਰਿਆਂ ਦਾ ਛੱਜ, ਦੀਪਕ ਪਬਲਿਸ਼ਰਜ਼, 1994, ਪੰਨਾ 101.